# ਅਰਲੀ ਫ੍ਰੈਂਚ ਇਮਰਸ਼ਨ

tdsb French

## ਅਰਲੀ ਫ੍ਰੈਂਚ ਇਮਰਸ਼ਨ ਕੀ ਹੈ?

ਅਰਲੀ ਫ੍ਰੈਂਚ ਇਮਰਸ਼ਨ ਇੱਕ ਗਹਿਨ ਫ੍ਰੈਂਚ ਭਾਸ਼ਾ ਪ੍ਰੋਗਰਾਮ ਹੈ ਜਿਹੜਾ ਕਿੰਡਰਗਾਰਟਨ ਵਿੱਚ ਸ਼ੁਰੂ ਹੁੰਦਾ ਹੈ ਅਤੇ ਗ੍ਰੇਡ 12 ਤੱਕ ਜਾਰੀ ਰਹਿੰਦਾ ਹੈ। ਗ੍ਰੇਡ JK ਤੋਂ 3 ਤੱਕ ਦੀਆਂ ਸਾਰੀਆਂ ਕਲਾਸਾਂ ਦੀਆਂ ਗਤੀਵਿਧੀਆਂ ਫਰੈਂਚ ਵਿੱਚ ਸੰਚਾਲਿਤ ਕੀਤੀਆਂ ਜਾਂਦੀਆਂ ਹਨ। ਇੱਕ ਸਪੈਸ਼ਲਿਸਟ ਵਿਸ਼ਾ (ਉਦਾਹਰਨ ਲਈ ਸਿਹਤ ਸਰੀਰਕ ਸਿੱਖਿਆ) ਅੰਗਰੇਜ਼ੀ ਵਿੱਚ ਪੜ੍ਹਿਆ ਜਾ ਸਕਦਾ ਹੈ। ਗ੍ਰੇਡ 4-8 ਵਿੱਚ, ਪ੍ਰੋਗਰਾਮ ਨੂੰ 50% ਫਰੈਂਚ ਵਿੱਚ ਅਤੇ 50% ਅੰਗਰੇਜ਼ੀ ਵਿੱਚ ਪੜ੍ਹਿਆ ਜਾਵੇਗਾ।

### ਕੌਣ ਅਪਲਾਈ ਕਰ ਸਕਦਾ ਹੈ?

ਜੂਨੀਅਰ ਕਿੰਡਰਗਾਰਟਨ ਵਿੱਚ ਦਾਖਲ ਹੋਣ ਵਾਲੇ ਸਾਰੇ ਬੱਚੇ ਅਰਲੀ ਫ੍ਰੈਂਚ ਇਮਰਸ਼ਨ ਵਾਸਤੇ ਅਪਲਾਈ ਕਰਨ ਲਈ ਯੋਗ ਹਨ।

## ਅਰਲੀ ਫ੍ਰੈਂਚ ਇਮਰਸ਼ਨ ਕਿਸ ਲਈ ਹੈ?

✓ ਉਨ੍ਹਾਂ ਪਰਿਵਾਰਾਂ ਲਈ ਤਿਆਰ ਕੀਤਾ ਗਿਆ ਹੈ ਜੋ ਘਰ ਵਿੱਚ ਫ੍ਰੈਂਚ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ।

✓ ਸਾਡਾ ਪੱਕਾ ਵਿਸ਼ਵਾਸ ਹੈ ਕਿ ਸਾਰੇ ਵਿਦਿਆਰਥੀ ਹੋਰ ਭਾਸ਼ਾ ਸਿੱਖਣ ਦੇ ਯੋਗ ਹਨ, ਇਸ ਲਈ ਪ੍ਰੋਗਰਾਮ ਵਿੱਚ ਸਿੱਖਣ ਦੀਆਂ ਸਾਰੀਆਂ ਸ਼ੈਲੀਆਂ ਅਤੇ ਭਾਸ਼ਾ ਪਿਛੋਕੜਾਂ ਵਾਲੇ ਵਿਦਿਆਰਥੀਆਂ ਦਾ ਸੁਆਗਤ ਅਤੇ ਸਮਰਥਨ ਕੀਤਾ ਜਾਂਦਾ ਹੈ।

✓ ਅਰਲੀ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਉਹਨਾਂ ਸਾਰੇ ਪਰਿਵਾਰਾਂ ਲਈ ਢੁਕਵਾਂ ਹੈ ਜੋ ਫ੍ਰੈਂਚ ਵਿੱਚ ਮੁਹਾਰਤ ਵਿਕਸਿਤ ਕਰਨ ਦੇ ਮੌਕੇ ਵਿੱਚ ਦਿਲਚਸਪੀ ਰੱਖਦੇ ਹਨ।




## ਅਰਲੀ ਇਮਰਸ਼ਨ ਪ੍ਰੋਗਰਾਮ ਦੇ ਲਾਭ

ਅਰਲੀ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਕਿਸੇ ਵੀ ਭਾਸ਼ਾ ਦੇ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਫ੍ਰੈਂਚ ਵਿੱਚ ਉੱਚ ਪੱਧਰੀ ਮੁਹਾਰਤ ਵਿਕਸਿਤ ਕਰਨ ਦੀ ਆਗਿਆ ਦਿੰਦਾ ਹੈ। ਇਸ ਤਰੀਕੇ ਨਾਲ ਦੂਜੀ ਭਾਸ਼ਾ ਦਾ ਅਧਿਐਨ ਕਰਨ ਨਾਲ ਵਿਦਿਆਰਥੀਆਂ ਨੂੰ ਕਈ ਹੋਰ ਲਾਭ ਵੀ ਹੁੰਦੇ ਹਨ, ਜਿਸ ਵਿੱਚ ਸ਼ਾਮਲ ਹਨ:

✓ ਦੂਜੀ ਭਾਸ਼ਾ ਵਿੱਚ ਪੜ੍ਹਨ ਨੇ ਵਿਦਿਆਰਥੀਆਂ ਦੇ ਭਾਸ਼ਾ ਦੇ ਪ੍ਰਭਾਵਸ਼ਾਲੀ ਹੁਨਰਾਂ ਨੂੰ ਵਧਾਉਣ ਨੂੰ ਸਾਬਤ ਕੀਤਾ ਹੈ।

✓ ਭਾਸ਼ਾ ਸਿੱਖਣਾ ਹੋਰ ਬੋਧਾਤਮਕ ਲਾਭਾਂ ਦੀ ਪੇਸ਼ਕਸ਼ ਕਰਦਾ ਹੈ ਜਿਵੇਂ ਕਿ ਉੱਚ-ਵਿਕਸਤ ਸੋਚ ਅਤੇ ਸਿੱਖਣ ਦੇ ਹੁਨਰ ਜੋ ਵਿਦਿਆਰਥੀ ਉਨ੍ਹਾਂ ਦੀ ਪੜ੍ਹਾਈ ਦੇ ਸਾਰੇ ਖੇਤਰਾਂ ਵਿੱਚ ਲਾਗੂ ਕਰਦੇ ਹਨ।

✓ ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਮੁਹਾਰਤ ਵਿਦਿਆਰਥੀਆਂ ਲਈ ਭਵਿੱਖ ਲਈ ਮੌਕਿਆਂ ਦੇ ਦਰਵਾਜ਼ੇ ਖੋਲ੍ਹਦੀ ਹੈ ਅਤੇ ਵੱਖ-ਵੱਖ ਸਭਿਆਚਾਰਾਂ ਅਤੇ ਪਛਾਣਾਂ ਬਾਰੇ ਜਾਗਰੂਕਤਾ ਪੈਦਾ ਕਰਦੀ ਹੈ।

✓ ਦੋਭਾਸ਼ੀ ਵਿਦਿਆਰਥੀ ਸਮੁੱਚੇ ਤੌਰ 'ਤੇ ਮਜ਼ਬੂਤ ਸੰਚਾਰ ਹੁਨਰ ਵਿਕਸਤ ਕਰਦੇ ਹਨ ਅਤੇ ਵਾਧੂ ਭਾਸ਼ਾਵਾਂ ਹੋਰ ਆਸਾਨੀ ਨਾਲ ਸਿੱਖ ਸਕਦੇ ਹਨ।

## ਐਪਲੀਕੇਸ਼ਨ ਜਾਣਕਾਰੀ

ਅਰਲੀ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਅਤੇ ਐਪਲੀਕੇਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ www.tdsb.on.ca/French 'ਤੇ ਜਾਓ।

ਵਰਤਮਾਨ ਵਿੱਚ, ਅਰਲੀ ਫ੍ਰੈਂਚ ਇਮਰਸ਼ਨ ਪ੍ਰੋਗਰਾਮ ਲਈ ਐਪਲੀਕੇਸ਼ਨ ਵਿੰਡੋ ਹਰ ਸਾਲ ਦੇ **ਨਵੰਬਰ** ਵਿੱਚ ਹੈ। ਕਿਸੇ ਦਿੱਤੇ ਸਾਲ ਲਈ ਅਰਜ਼ੀ ਦੀ ਆਖਰੀ ਮਿਤੀ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਸਤੰਬਰ ਦੇ ਸ਼ੁਰੂ ਵਿੱਚ ਵੈੱਬਸਾਈਟ ਵੇਖੋ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਭਾਂਵੇਂ ਪ੍ਰੋਗਰਾਮ ਵਿੱਚ ਪਲੇਸਮੈਂਟ ਦੀ ਗਰੰਟੀ ਸਮੇਂ 'ਤੇ ਹੋਣ ਵਾਲੇ ਸਾਰੇਯੋਗ ਬਿਨੈਕਾਰਾਂ ਨੂੰ ਦਿੱਤੀ ਜਾਂਦੀ, ਕਿਸੇ ਖਾਸ ਸਕੂਲ ਵਿੱਚ ਪਲੇਸਮੈਂਟ ਦੀ ਗਾਰੰਟੀ **ਨਹੀਂ** ਹੈ।

# ਅਰਲੀ ਫ੍ਰੈਂਚ ਇਮਰਸ਼ਨ

tdsb French

## ਖੋਜ ਕੀ ਕਹਿੰਦੀ ਹੈ?

"FI ਵਿੱਚ ਵਿਦਿਆਰਥੀ ਫ੍ਰੈਂਚ ਵਿੱਚ ਉੱਨਤ ਮੁਹਾਰਤ ਹਾਸਲ ਕਰਨ ਦੇ ਨਾਲ - ਨਾਲ ਅੰਗਰੇਜ਼ੀ ਵਿੱਚ ਇਸ ਸਮੱਗਰੀ ਦਾ ਅਧਿਐਨ ਕਰਨ ਵਾਲੇ ਸਮਾਨ ਵਿਦਿਆਰਥੀਆਂ ਦੇ ਬਰਾਬਰ ਹੀ ਸਕੂਲ ਦੀ ਸਮੱਗਰੀ (ਵਿਗਿਆਨ, ਸਮਾਜਿਕ ਅਧਿਐਨ, ਗਣਿਤ ਆਦਿ) ਵਿੱਚ ਮੁਹਾਰਤ ਹਾਸਲ ਕਰਦੇ ਹਨ।"
**(ਵੇਸਚੇ, 2002)**

ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਦੇ ਅਧਿਐਨਾਂ ਨੇ ਅੰਗਰੇਜ਼ੀ ਵਿੱਚ ਟੈਸਟ ਕੀਤੇ ਜਾਣ 'ਤੇ EFI ਜਾਂ MFI ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਲਈ ਗਣਿਤ, ਵਿਗਿਆਨ ਅਤੇ ਸਮਾਜਿਕ ਅਧਿਐਨਾਂ ਦੀ ਪ੍ਰਾਪਤੀ ਲਈ ਕੋਈ ਮਾੜੇ ਪ੍ਰਭਾਵ ਨਹੀਂ ਪਾਏ।
**(ਵੇਸਚੇ, 2002)**

ਭਲੇ ਹੀ ਇੱਕ ਬੱਚੇ ਦੀ ਪਹਿਲੀ ਭਾਸ਼ਾ ਇੱਕ ਸਮਾਜਿਕ ਭਾਸ਼ਾ ਨਾ ਹੋਵੇ, ਫਿਰ ਵੀ ਬੱਚੇ ਉਸਦੇ ਨਾਲ ਹੀ ਦੂਜੀ ਭਾਸ਼ਾ ਵਜੋਂ ਅੰਗਰੇਜ਼ੀ ਸਿੱਖਦੇ ਹੋਏ ਫਰੈਂਚ ਵਰਗੀ ਅਤਿਰਿਕਤ ਭਾਸ਼ਾ ਸਫਲਤਾਪੂਰਵਕ ਸਿੱਖ ਸਕਦੇ ਹਨ।
**(ਓ'ਬਰਾਇਨ, 2017)**

ਡੇਟਾ ਨੇ ਦਿਖਾਇਆ ਕਿ ਫ੍ਰੈਂਚ-ਇਮਰਸ਼ਨ ਪ੍ਰੋਗਰਾਮਾਂ ਵਿੱਚ ਦਾਖਲ ਹੋਏ ਵਿਦਿਆਰਥੀਆਂ ਨੇ ਪੜ੍ਹਨ ਦੀ ਕਾਰਗੁਜ਼ਾਰੀ ਵਿੱਚ ਗੈਰ-ਇਮਰਸ਼ਨ ਪ੍ਰੋਗਰਾਮਾਂ ਵਿੱਚ ਆਪਣੇ ਹਮਰੁਤਬਾ ਵਿਦਿਆਰਥੀਆਂ ਨਾਲੋਂ ਵਧੀਆ ਪ੍ਰਦਰਸ਼ਨ ਕੀਤਾ।
**https://www150.statcan.gc.ca/n1/daily-quotidien/040322/dq040322a-eng.htm**

## ਬਿਬਲੀਓਗ੍ਰਾਫੀ


Wesche, M.B. (2002) Early French Immersion: How has the original Canadian model stood the test of time? An Integrated View of Language Development, Petra Burmeister, Thorsten Piske, and Andreas Rohde (Eds), WVT Wissenschaftlicher Verlag Trier.
**www.fmks-online.de/_wd_showdoc.php?pic=865**

Statistics Canada, (2004) Student Reading Performance in Minority Language Schools.
**https://www150.statcan.gc.ca/n1/daily-quotidien/040322/dq040322a-eng.htm**

O'Brien (2017) Literature Review on the Impact of Second Language Learning, Canadian Association of Second Language Teachers.